# ਅੱਜ ਤੀਜੇ ਦਿਨ 18 ਕਿਸਾਨ ਜਥੇਬੰਦੀਆਂ ਦਾ ਰੇਲਾਂ ਦਾ ਚੱਕਾ ਜ਼ਾਮ ਹੋਇਆ ਸਮਾਪਤ



**ਸਮਾਣਾ/ਨਾਭਾ**

ਅੱਜ ਇੱਥੇ ਰੇਲਵੇ ਸਟੇਸ਼ਨ ਤੇ ਉੱਤਰੀ ਭਾਰਤ ਦੀਆਂ 18 ਕਿਸਾਨ ਜਥੇਬੰਦੀਆਂ ਦੇ ਤਿੰਨ ਦਿਨਾਂ ਚੱਕਾ ਜਾਮ ਦੇ ਸੱਦੇ ਤੇ ਤੀਜੇ ਦਿਨ ਵੀ ਸੈਂਕੜੇ ਕਿਸਾਨਾਂ ਨੇ ਚੱਕਾ ਜਾਮ ਰੱਖਿਆ ਤੇ ਸ਼ਾਮ 4.00 ਵਜੇ ਸਮਾਪਤ ਹੋ ਗਿਆ। ਨਾਭਾ ਰੇਲਵੇ ਸਟੇਸ਼ਨ ਤੇ ਇਸ ਜਾਮ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ, ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਪੰਜਾਬ ਅਤੇ ਭਾਰਤੀ ਕਿਸਾਨ ਯੂਨੀਅਨ (ਭਟੇੜੀ ਕਲਾਂ) ਦੇ ਵਰਕਰ ਵੱਡੀ ਪੱਧਰ ਤੇ ਸਾਮਿਲ ਹੋਏ। ਜਥੇਬੰਦੀਆਂ ਦੇ ਵੱਖ ਵੱਖ ਆਗੂਆਂ ਨੇ ਬੋਲਦਿਆਂ ਮੰਗ ਕੀਤੀ ਕਿ ਸਾਰੀਆਂ ਫਸਲਾਂ ਦੀ ਖਰੀਦ ਤੇ ਐਮ. ਐਸ. ਪੀ. ਗਰੰਟੀ ਕਨੂੰਨ ਬਣਾਇਆ ਜਾਵੇ ਅਤੇ ਸਾਰੀਆਂ ਫਸਲਾਂ ਦਾ ਰੇਟ ਡਾ. ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਮੁਤਾਬਕ 32+50% ਦੇ ਫਾਰਮੂਲੇ ਨਾਲ ਦਿੱਤਾ ਜਾਵੇ। ਮਨਰੇਗਾ ਤਹਿਤ ਮਜਦੂਰਾਂ ਨੂੰ ਹਰ ਸਾਲ 200 ਦਿਨ ਰੁਜਗਾਰ ਦਿਤਾ ਜਾਵੇ। ਪੰਜਾਬ ਸਮੇਤ ਪੂਰੇ ਉੱਤਰੀ ਭਾਰਤ ਵਿਚ ਹੈਰੋਇਨ ਸਮੈਕ ਵਰਗੇ ਨਸ਼ਿਆਂ ਤੇ ਸ਼ਖਤੀ ਨਾਲ ਰੋਕ ਲਗਾਈ ਜਾਵੇ ਅਤੇ ਨਸ਼ੇ ਚ ਫਸੇ ਨੌਜਵਾਨਾਂ ਦਾ ਮੁਫ਼ਤ ਇਲਾਜ਼ ਕਰ ਰੁਜਗਾਰ ਮੁਹਈਆ ਕਰਕੇ ਸਮਾਜ 'ਚ ਮੁੜ ਵਸੇਬੇ ਦਾ ਪ੍ਰਬੰਧ ਕੀਤਾ ਜਾਵੇ। ਕੇਂਦਰ ਸਰਕਾਰ ਉੱਤਰ ਭਾਰਤ ਲਈ 50 ਹਜ਼ਾਰ ਕਰੋੜ ਰੁਪਏ ਦਾ ਵਿਸ਼ੇਸ਼ ਪੈਕੇਜ ਜਾਰੀ ਕੀਤਾ ਜਾਵੇ। ਹੜ੍ਹ ਦੇ ਕਾਰਨਾਂ ਦੀ ਪੜਤਾਲ ਲਈ ਉੱਚ ਪੱਧਰੀ ਜਾਂਚ ਕਮੇਟੀ ਬਣਾ ਕੇ ਗੈਰਕੁਦਰਤੀ ਕਾਰਕਾਂ ਜਿਵੇਂ ਨਿਕਾਸੀ ਰਸਤਿਆਂ ਵਿੱਚ ਇਮਾਰਤੀ ਉਸਾਰੀਆਂ ਦਾ ਹੋਣਾ ਦਰਿਆਵਾਂ ਦੇ ਕੁਦਰਤੀ ਵਹਾਅ ਨਾਲ ਛੇੜਛਾੜ ਆਦਿ ਦੀ ਜਾਂਚ ਕਰਕੇ ਦੋਸ਼ੀਆਂ ਖਿਲਾਫ ਬਣਦੀ ਕਰਵਾਈ ਕੀਤੀ ਜਾਵੇ। ਘੱਗਰ ਪਲਾਨ ਮੁਤਾਬਿਕ ਹਰਿਆਣਾ ਤੇ ਪੰਜਾਬ ਦੇ ਦਰਿਆਵਾਂ ਕਾਰਨ ਹਰ ਸਾਲ ਹੋਣ ਵਾਲੇ ਨੁਕਸਾਨ ਦਾ ਪੱਕਾ ਹੱਲ ਕੀਤਾ ਜਾਵੇ। ਹੜ੍ਹ ਕਾਰਨ ਨੁਕਸਾਨੀ ਫਸਲ ਦਾ ਪ੍ਰਤੀ ਏਕੜ 50 ਹਜ਼ਾਰ, ਜਾਨੀ ਨੁਕਸਾਨ ਦਾ 10 ਲੱਖ, ਮਰੇ ਪਸ਼ੂ ਦਾ 1 ਲੱਖ ਰੁਪਏ, ਕਿਸਾਨਾਂ ਮਜਦੂਰਾਂ ਦੇ ਢਹਿ ਗਏ ਘਰਾਂ ਦਾ 5 ਲੱਖ ਦੇ ਹਿਸਾਬ ਨਾਲ ਮੁਆਵਜਾ ਦਿੱਤਾ ਜਾਵੇ। ਹੜ੍ਹ ਦੇ ਪਾਣੀ ਦੇ ਵਹਾਅ ਚ ਵਹਿ ਗਏ ਖੇਤਾ ਨੂੰ ਮੁੜ ਖੇਤੀ ਲਾਇਕ ਬਣਾਉਣ ਲਈ ਵਿਸ਼ੇਸ਼ ਪੈਕੇਜ਼ ਦਿੱਤਾ ਜਾਵੇ, ਜਿੰਨਾ ਕਿਸਾਨਾਂ ਦੇ ਖੇਤਾਂ ਵਿਚ ਰੇਤ ਭਰ ਗਈ ਹੈ ਓਹਨਾ ਨੂੰ ਮਾਈਨਿੰਗ ਪੋਲਿਸੀ ਵਿੱਚ ਛੋਟ ਦੇ ਕੇ ਖੇਤ ਖਾਲੀ ਕਰਨ ਦਾ ਅਧਿਕਾਰ ਦਿੱਤਾ ਜਾਵੇ, ਨੁਕਸਾਨੇ ਬੋਰਵੈਲ ਦਾ ਮੁਆਵਜਾ ਦਿੱਤਾ ਜਾਵੇ। ਕਿਸਾਨਾ ਅਤੇ ਮਜਦੂਰਾਂ ਦਾ ਸਮੁੱਚਾ ਕਰਜ਼ਾ ਖਤਮ ਕੀਤਾ ਜਾਵੇ। ਦਿੱਲੀ ਮੋਰਚੇ ਦੌਰਾਨ ਪਾਏ ਸਭ ਪੁਲਿਸ ਕੇਸ ਰੱਦ ਕੀਤੇ ਜਾਣ, ਲਾਖੀਮਪੁਰ ਖੀਰੀ ਕਤਲਕਾਂਡ ਦਾ ਇਨਸਾਫ ਕੀਤਾ ਜਾਵੇ ਦੋਸ਼ਿਆਂ ਨੂੰ ਸਜ਼ਾ ਦਿੱਤੀ ਜਾਵੇ । ਕਿਸਾਨ ਅੰਦੋਲਨਾ ਦੌਰਾਨ ਸ਼ਹੀਦ ਹੋਏ ਕਿਸਾਨ ਮਜ਼ਦੂਰਾਂ ਦੇ ਪਰਿਵਾਰਾਂ ਨੂੰ 10-10 ਲੱਖ ਰੁਪਏ ਮੁਆਵਜਾ ਅਤੇ ਹਰੇਕ ਪਰਿਵਾਰ ਵਿੱਚ ਇੱਕ ਸਰਕਾਰੀ ਨੌਕਰੀ ਦਿੱਤੀ ਜਾਵੇ । ਭਾਰਤਮਾਲਾ ਯੋਜਨਾ ਵਿੱਚ ਕਿਸਾਨਾਂ ਨੂੰ ਜ਼ਮੀਨਾਂ ਦਾ ਰੇਟ ਮਾਰਕੀਟ ਰੇਟ ਨਾਲੋ ਛੇ ਗੁਣਾਂ ਦਿਤਾ ਜਾਵੇ ਅਤੇ ਕਿਸਾਨਾਂ ਨੂੰ ਸਾਰੀਆਂ ਸਹੂਲਤਾਂ ਦਿੱਤੀਆਂ ਜਾਣ। ਹਰ ਕਿਸਮ ਦੇ ਅਬਾਦਕਾਰਾਂ ਨੂੰ ਮਾਲਕੀ ਹੱਕ ਦਿੱਤੇ ਜਾਣ। ਰੇਲਾਂ ਦੇ ਚੱਕਾ ਜ਼ਾਮ ਤੇ ਰੈਲੀ ਨੂੰ ਹੋਰਨਾਂ ਤੋਂ ਇਲਾਵਾ ਚੇਅਰਮੈਨ ਸੁਰਜੀਤ ਸਿੰਘ ਫੂਲ, ਡਾ ਜਰਨੈਲ ਸਿੰਘ ਕਾਲੇਕੇ, ਮਨਜੀਤ ਸਿੰਘ ਨਿਆਲ, ਗੁਰਵਿੰਦਰ ਸਿੰਘ ਸਦਰਪੁਰ, ਕਰਨੈਲ ਸਿੰਘ ਲੰਗ, ਸਤਵੰਤ ਸਿੰਘ ਵਜੀਦਪੁਰ, ਜੰਗ ਸਿੰਘ ਭਟੇੜੀ, , ਰਣਜੀਤ ਸਿੰਘ ਸਵਾਜਪੁਰ,ਗੁਰਦੇਵ ਸਿੰਘ ਗਜੁਮਾਜਰਾ, ਵਿਕਰਮਜੀਤ ਸਿੰਘ ਅਰਨੋਂ, ਪ੍ਰੀਤਮੋਹਿੰਦਰ ਸਿੰਘ, ਕਿਰਨ ਕੌਰ ਬਮਨਾ,ਸੁਰਿੰਦਰ ਸਿੰਘ ਕਕਰਾਲਾ, ਮਨਜੀਤ ਸਿੰਘ ਬਿਨਹੇੜੀ, ਅਮਰੀਕ ਸਿੰਘ ਕਲਵਾਨੂ, ਗਮਦੂਰ ਸਿੰਘ ਬਾਬਰਪੁਰ ਅਤੇ ਬਲਕਾਰ ਸਿੰਘ ਤਰੋੜਾ ਖੁਰਦ ਆਦਿ ਨੇ ਸੰਬੋਧਨ ਕੀਤਾ।ਅੱਜ ਦੇ ਧਰਨੇ ਵਿੱਚ ਟੋਲ ਪਲਾਜ਼ਾ ਵਰਕਰ ਯੂਨੀਅਨ ਦੇ ਮੈਂਬਰ ਵੀ ਧਰਨੇ ਵਿੱਚ ਸਾਮਿਲ ਹੋਏ।ਅਗਲੇ ਸੰਘਰਸ਼ ਵਜੋਂ ਜਥੇਬੰਦੀਆਂ ਵੱਲੋਂ 23 ਅਤੇ 24 ਅਕਤੂਬਰ ਨੂੰ ਪੰਜਾਬ ਭਰ ਵਿੱਚ ਕੇਂਦਰ ਸਰਕਾਰ ਅਤੇ ਕਾਰਪੋਰੇਟਾਂ ਦੇ ਵੱਢ ਅਕਾਰੀ 15-20 ਫੁੱਟ ਦੇ ਪੁਤਲੇ ਵੱਡੇ ਇਕੱਠ ਕਰਕੇ ਫੂਕੇ ਜਾਣਗੇ।

# ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਜ਼ਿਲਾ ਫਰੀਦਕੋਟ ਦੀ ਮੀਟਿੰਗ ਹੋਈ



**ਕੋਟਕਪੂਰਾ, 30 ਸਤੰਬਰ**

ਪੰਜਾਬ ਦੀਆਂ 54 ਹਜ਼ਾਰ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਪਿਛਲੇਂ ਲੰਮੇ ਸਮੇਂ ਤੋਂ ਲਟਕ ਰਹੀਆਂ ਹੱਕੀ ਮੰਗਾਂ ਨੂੰ ਲੈ ਕੇ ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਨੇ ਪੰਜਾਬ ਸਰਕਾਰ ਤੇ ਹੱਲਾ ਬੋਲਣ ਲਈ ਪ੍ਰੋਗਰਾਮ ਉਲੀਕ ਲਿਆ ਹੈ ਤੇ ਸੂਬਾ ਕਮੇਟੀ ਦੇ ਫੈਸਲੇ ਅਨੁਸਾਰ 2 ਅਕਤੂਬਰ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੇ ਸ਼ਹਿਰ ਸੰਗਰੂਰ ਵਿਖੇ ਸੂਬਾ ਪੱਧਰੀ ਰੋਸ ਰੈਲੀ ਕੀਤੀ ਜਾਵੇਗੀ । ਇਸ ਰੋਸ ਰੈਲੀ ਦੀਆਂ ਤਿਆਰੀਆਂ ਸਬੰਧੀ ਜਥੇਬੰਦੀ ਵੱਲੋਂ ਜ਼ਿਲਾ ਫਰੀਦਕੋਟ ਦੀ ਇੱਕ ਭਰਵੀਂ ਮੀਟਿੰਗ ਅੱਜ ਜ਼ਿਲਾ ਪ੍ਰਧਾਨ ਗੁਰਮੀਤ ਕੌਰ ਦਬੜੀਖਾਨਾ ਦੀ ਅਗਵਾਈ ਹੇਠ ਕੋਟਕਪੂਰਾ ਵਿਖੇ ਪਾਰਕ ਵਿੱਚ ਕੀਤੀ ਗਈ । ਜਿਸ ਦੌਰਾਨ ਯੂਨੀਅਨ ਦੇ ਕੌਮੀ ਪ੍ਰਧਾਨ ਹਰਗੋਬਿੰਦ ਕੌਰ ਵਿਸ਼ੇਸ਼ ਤੌਰ ਤੇ ਪਹੁੰਚੇ। ਇਸ ਮੌਕੇ ਬੋਲਦਿਆਂ ਉਹਨਾਂ ਕਿਹਾ ਕਿ 2 ਅਕਤੂਬਰ 1975 ਨੂੰ ਕੇਂਦਰ ਸਰਕਾਰ ਨੇ ਆਈ ਸੀ ਡੀ ਐਸ ਸਕੀਮ ਸ਼ੁਰੂ ਕੀਤੀ ਸੀ ਤੇ ਇਸ ਸਕੀਮ ਨੂੰ ਚੱਲਦਿਆਂ ਲਗਭਗ 48 ਸਾਲ ਬੀਤ ਚੁੱਕੇ ਹਨ ਪਰ ਹੈਰਾਨੀ ਭਰੀ ਗੱਲ ਹੈ ਕਿ ਐਨਾ ਲੰਮਾ ਸਮਾਂ ਬੀਤਣ ਦੇ ਬਾਵਜੂਦ ਵੀ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਸਮੇਂ ਦੀਆਂ ਸਰਕਾਰਾਂ ਨੇ ਅੱਖੋਂ ਪਰੋਖੇ ਕਰੀ ਰੱਖਿਆ ਤੇ ਉਹਨਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾਂਦਾ ਰਿਹਾ । ਜਿਸ ਕਰਕੇ ਜਥੇਬੰਦੀ ਨੂੰ ਭਾਰੀ ਸੰਘਰਸ਼ਾਂ ਵਿਚੋਂ ਗੁਜ਼ਰਨਾ ਪਿਆ ਹੈ ਤੇ ਜੇਲਾਂ ਤੱਕ ਜਾਣਾ ਪਿਆ। ਉਹਨਾਂ ਮੰਗ ਕੀਤੀ ਕਿ ਪੰਜਾਬ ਸਰਕਾਰ ਨਵੀਂ ਵਿੱਦਿਆ ਨੀਤੀ ਅਨੁਸਾਰ ਆਂਗਣਵਾੜੀ ਵਰਕਰਾਂ ਨੂੰ ਪ੍ਰੀ ਨਰਸਰੀ ਟੀਚਰ ਦਾ ਦਰਜਾ ਦੇਵੇ ਅਤੇ ਹੈਲਪਰਾਂ ਨੂੰ ਚੌਥੇ ਦਰਜੇ ਦਾ ਗਰੇਡ ਦਿੱਤਾ ਜਾਵੇ । 2017 ਤੋਂ ਆਂਗਣਵਾੜੀ ਸੈਂਟਰਾਂ ਦੇ ਖੋਹੇ ਹੋਏ ਬੱਚੇ ਜਿੰਨਾ ਬਾਰੇ ਨੋਟੀਫਿਕੇਸ਼ਨ ਵੀ ਜਾਰੀ ਹੋ ਚੁੱਕਾ ਸੀ ਵਾਪਸ ਸੈਂਟਰਾਂ ਵਿੱਚ ਭੇਜੇ ਜਾਣ। ਐਨ ਜੀ ਓ ਅਧੀਨ ਚੱਲਦੇ 8 ਬਲਾਕਾਂ ਬਠਿੰਡਾ , ਸਿੱਧਵਾਂ ਬੇਟ , ਤਰਸਿੱਕਾ , ਖੂਈਆਂ ਸਰਵਰ , ਮੱਖੂ , ਡੇਰਾ ਬਾਬਾ ਨਾਨਕ , ਭਿੱਖੀਵਿੰਡ ਅਤੇ ਹਰਸਾਛੀਨਾ ਨੂੰ ਮੁੱਖ ਵਿਭਾਗ ਵਿੱਚ ਮਰਜ਼ ਕੀਤਾ ਜਾਵੇ। ਪੰਜਾਬ ਦੀਆਂ 54 ਹਜ਼ਾਰ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਸਾਰੇ ਪਿਛਲੇ ਬਕਾਏ (ਮਾਣ ਭੱਤੇ ਦੇ) ਦਿੱਤੇ ਜਾਣ ਅਤੇ ਅੱਗੇ ਤੋਂ ਹਰ ਮਹੀਨੇ ਦੀ 3 ਤਰੀਕ ਨੂੰ ਮਾਣ ਭੱਤਾ ਦਿੱਤਾ ਜਾਵੇ। ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੋਟਾਂ ਵੇਲੇ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨਾਲ ਕੀਤਾ ਆਪਣਾ ਵਾਅਦਾ ਪੂਰਾ ਕਰੇ ਅਤੇ ਮਾਣ ਭੱਤਾ ਦੁੱਗਣਾ ਕੀਤਾ ਜਾਵੇ। ਆਂਗਣਵਾੜੀ ਸੈਂਟਰਾਂ ਦੀਆਂ ਇਮਾਰਤਾਂ ਆਧੁਨਿਕ ਸਹੂਲਤਾਂ ਵਾਲੀਆਂ ਬਣਾਈਆਂ ਜਾਣ। ਹਰਗੋਬਿੰਦ ਕੌਰ ਨੇ ਕਿਹਾ ਕਿ ਸੰਗਰੂਰ ਰੈਲੀ ਵਿੱਚ ਹਰੇਕ ਜ਼ਿਲ੍ਹੇ ਵਿਚੋਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਵੱਡੀ ਗਿਣਤੀ ਵਿੱਚ ਪੁੱਜਣਗੀਆਂ ਅਤੇ ਹਜ਼ਾਰਾਂ ਦਾ ਇਕੱਠ ਹੋਵੇਗਾ। ਇਸ ਮੌਕੇ ਰਵਿੰਦਰ ਕੌਰ ਕੋਟਕਪੂਰਾ , ਸਰਬਜੀਤ ਕੌਰ ਫਰੀਦਕੋਟ , ਅੰਮ੍ਰਿਤਪਾਲ ਕੌਰ ਧੀਰਾ ਹਰੀ ਨੌਂ , ਰਾਜਵਿੰਦਰ ਕੌਰ ਫਰੀਦਕੋਟ , ਹਰਵਿੰਦਰ ਕੌਰ ਸੇਢਾ ਸਿੰਘ ਵਾਲਾ, ਕਿਰਨਾ ਰਾਣੀ ਗੋਨੇਆਣਾ, ਜਸਵਿੰਦਰ ਕੌਰ ਹਰੀ ਨੌਂ , ਸ਼ਰਨਜੀਤ ਕੌਰ ਅਰਾਈਆਂਵਾਲਾ , ਸੰਤੋਸ਼ ਰਾਣੀ , ਬਲਜੀਤ ਕੌਰ ਹਰੀ ਨੌਂ, ਛਿੰਦਰ ਕੌਰ , ਬਲਜੀਤ ਕੌਰ ਸਰਾਵਾਂ ਬੋਦਲਾਂ, ਮਨਦੀਪ ਕੌਰ ਡੋਡ, ਪਰਮਜੀਤ ਕੌਰ ਬਰਗਾੜੀ, ਬਲਦੇਵ ਕੌਰ ਦਿਹਾਤੀ ਫਰੀਦਕੋਟ ਅਤੇ ਸਰਬਜੀਤ ਕੌਰ ਸਰਾਵਾਂ ਆਦਿ ਮੌਜੂਦ ਸਨ।

## ਹਫਤਾਵਰੀ ਬਾਲ - ਸਭਾ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਗੰਭੀਰਪੁਰ ਲੋਅਰ ਦੇ ਬੱਚਿਆਂ ਨੇ ਕੀਤੀ ਸਫਲ ਪੇਸ਼ਕਾਰੀ



**ਸ੍ਰੀ ਅਨੰਦਪੁਰ ਸਾਹਿਬ, 30 ਸਤੰਬਰ**

ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ , ਸਿੱਖਿਆ ਬਲਾਕ ਸ੍ਰੀ ਅਨੰਦਪੁਰ ਸਾਹਿਬ , ਜਿਲਾ ਰੂਪਨਗਰ (ਪੰਜਾਬ) ਵਿਖੇ ਹਫਤਾਵਾਰੀ ਬਾਲ - ਸਭਾ ਕਰਵਾਈ ਗਈ। ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਨੇ ਵੱਖ-ਵੱਖ ਤਰ੍ਹਾਂ ਦੇ ਪੇਂਟਿੰਗ ਮੁਕਾਬਲੇ , ਕਵਿਤਾ ਤੇ ਗੀਤ ਗਾਉਣ ਦੇ ਮੁਕਾਬਲੇ , ਰੀਡਿੰਗ ਮੁਕਾਬਲੇ , ਗਿਆਨ - ਵਿਗਿਆਨ ਮੁਕਾਬਲੇ ਆਦਿ ਵਿੱਚ ਭਾਗ ਲਿਆ ਅਤੇ ਆਪਣੀ ਸਫਲ ਪੇਸ਼ਕਾਰੀ ਦਰਜ ਕਰਵਾਈ। ਇਸ ਮੌਕੇ ਮਾਸਟਰ ਸੰਜੀਵ ਧਰਮਾਣੀ ਨੇ ਦੱਸਿਆ ਕਿ ਹਫਤਾਵਾਰੀ ਬਾਲ ਸਭਾ ਬੱਚਿਆਂ ਦੇ ਅੰਦਰ ਛੁਪੀਆਂ ਹੋਈਆਂ ਵੱਖ - ਵੱਖ ਤਰ੍ਹਾਂ ਦੀਆਂ ਰੁਚੀਆਂ , ਉਹਨਾਂ ਦੀਆਂ ਦਿਲਚਸਪੀਆਂ ਤੇ ਉਹਨਾਂ ਦੇ ਰੁਝਾਨਾਂ ਨੂੰ ਅਨੁਭਵ ਕਰਨ ਤੇ ਸਮਝਣ ਦਾ ਬਹੁਤ ਵਧੀਆ ਉਪਰਾਲਾ ਹੈ ਅਤੇ ਇਹ ਬੱਚਿਆਂ ਦੇ ਸਰਬਪੱਖੀ ਵਿਕਾਸ ਦਾ ਹੀ ਇੱਕ ਹਿੱਸਾ ਵੀ ਹੈ। ਧਰਮਾਣੀ ਨੇ ਕਿਹਾ ਸਭ ਤੋਂ ਵੱਡੀ ਗੱਲ ਵਿਦਿਆਰਥੀ ਬਾਲ ਸਭਾ ਦੇ ਦੌਰਾਨ ਸਵੈ ਦੇ ਪ੍ਰਗਟਾਵੇ ਦੀ ਕੋਸ਼ਿਸ਼ ਕਰਕੇ ਰੰਗਮੰਚ , ਸਾਹਿਤ , ਲੈਅ , ਕਲਾ ਆਦਿ ਨਾਲ ਵੀ ਜੁੜਦੇ ਹਨ ਤੇ ਬਾਲ ਸਭਾ ਬੱਚਿਆਂ ਦੇ ਅੰਦਰ ਕਲਪਨਾ ਦਾ ਵਿਕਾਸ ਵੀ ਕਰਦੀ ਹੈ ਤੇ ਉਹਨਾਂ ਨੂੰ ਆਪਣੇ ਮਨ ਦੇ ਭਾਵ ਪ੍ਰਗਟਾਉਣ ਲਈ ਇੱਕ ਪਲੇਟਫਾਰਮ ਵੀ ਮੁਹਈਆ ਕਰਵਾਉਂਦੀ ਹੈ , ਜਿਸ ਨਾਲ ਵਿਦਿਆਰਥੀਆਂ ਅੰਦਰ ਲੀਡਰਸ਼ਿਪ ਦੀ ਭਾਵਨਾ ਵੀ ਪੈਦਾ ਹੁੰਦੀ ਹੈ। ਇਸ ਮੌਕੇ ਉੱਘੇ ਲੇਖਕ ਅਤੇ ਇੰਡੀਆ ਬੁੱਕ ਆੱਫ ਰਿਕਾਰਡਜ਼ ਹੋਲਡਰ ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ ਅਤੇ ਸਮੁੱਚਾ ਸਕੂਲ ਸਟਾਫ ਹਾਜ਼ਰ ਸੀ।


This is a public announcement for information purposes only and is not a prospectus announcement and does not constitute an invitation or offer to acquire, purchase or subscribe to securities. Not for release, publication or distribution directly or indirectly, outside India.

**PUBLIC ANNOUNCEMENT**

(Kindly scan the QR Code for DRHP)

# VIBHOR STEEL TUBES LIMITED

**Corporate Identification Number: U27109HR2003PLC035091**

Vibhor Steel Tubes Limited (the **"Issuer" or "Company"**) was originally incorporated as 'Vibhor Steel Tubes Private Limited' a private limited company under the Companies Act, 1956 at, pursuant to a certificate of incorporation dated April 16, 2003 issued by the Registrar of Companies, National Capital Territory of Delhi and Haryana. Thereafter, our Company was converted from private to public company, pursuant to a special resolution passed by the shareholders of our Company on June 14, 2023 and a fresh certificate of incorporation consequent to change of name was issued by the Registrar of Companies, Delhi ("RoC") on July 07, 2023. For further details on the change in the name and the registered office of our Company, see "History and Certain Corporate Matters" beginning on page 193 of the DRPH.

**Registered Office:** Plot No. 2, Industrial Development Colony, Delhi Road, Hisar, Haryana-125005, India.
**Tel:** +91 7030322880 | **Website:** www.vstlindia.com | **Email:** cs@vstlindia.com,
**Contact Person:** Mr. Lovkesh, Company Secretary & Compliance Officer

**OUR PROMOTERS: MR. VIJAY KAUSHIK, MR. VIBHOR KAUSHIK, MRS. VIJAY LAXMI KAUSHIK AND M/S VIJAY KAUSHIK HUF**

**INITIAL PUBLIC OFFERING OF UP TO [●] EQUITY SHARES OF FACE VALUE OF ₹ 10/- EACH ("EQUITY SHARES") OF VIBHOR STEEL TUBES LIMITED (COMPANY) FOR CASH AT A PRICE OF ₹ [●] PER EQUITY SHARE (INCLUDING A SHARE PREMIUM OF ₹ [●] PER EQUITY SHARE) ("ISSUE PRICE") AGGREGATING UP TO ₹ 6,647.20 LAKHS THROUGH FRESH ISSUE OF EQUITY SHARES. THE ISSUE SHALL CONSTITUTE [●]% OF THE POST-ISSUE PAID-UP EQUITY SHARE CAPITAL OF OUR COMPANY.**

**THE PRICE BAND AND THE MINIMUM BID LOT WILL BE DECIDED BY OUR COMPANY IN CONSULTATION WITH BOOK RUNNING LEAD MANAGER, AND WILL BE ADVERTISED IN [●] EDITIONS OF [●] (A WIDELY CIRCULATED ENGLISH NATIONAL DAILY NEWSPAPER), [●] EDITIONS OF [●] (A WIDELY CIRCULATED HINDI NATIONAL DAILY NEWSPAPER) AND [●] EDITIONS OF [●] (A WIDELY CIRCULATED HINDI DAILY NEWSPAPER, HINDI BEING THE REGIONAL LANGUAGE OF HISAR, HARYANA WHERE OUR REGISTERED OFFICE IS LOCATED), AT LEAST TWO WORKING DAYS PRIOR TO THE BID/ISSUE OPENING DATE AND SHALL BE MADE AVAILABLE TO BSE LIMITED ("BSE") AND NATIONAL STOCK EXCHANGE OF INDIA LIMITED ("NSE", TOGETHER WITH BSE, THE "STOCK EXCHANGES") FOR UPLOADING ON THEIR RESPECTIVE WEBSITES.**

**IN CASE OF ANY REVISION TO THE PRICE BAND, THE BID/ISSUE PERIOD WILL BE EXTENDED BY AT LEAST THREE ADDITIONAL WORKING DAYS AFTER SUCH REVISION IN THE PRICE BAND, SUBJECT TO THE BID/ ISSUE PERIOD NOT EXCEEDING 10 WORKING DAYS. IN CASES OF FORCE MAJEURE, BANKING STRIKE OR SIMILAR CIRCUMSTANCES, OUR COMPANY, IN CONSULTATION WITH BOOK RUNNING LEAD MANAGER, FOR REASONS TO BE RECORDED IN WRITING, EXTEND THE BID / ISSUE PERIOD FOR A MINIMUM OF THREE WORKING DAYS, SUBJECT TO THE BID/ ISSUE PERIOD NOT EXCEEDING A TOTAL OF 10 WORKING DAYS. ANY REVISION IN THE PRICE BAND AND THE REVISED BID/ISSUE PERIOD, IF APPLICABLE, WILL BE WIDELY DISSEMINATED BY NOTIFICATION TO THE STOCK EXCHANGES, BY ISSUING A PUBLIC NOTICE, AND ALSO BY INDICATING THE CHANGE ON THE RESPECTIVE WEBSITE OF THE BOOK RUNNING LEAD MANAGER AND AT THE TERMINALS OF THE SYNDICATE MEMBER(S) AND BY INTIMATION TO THE DESIGNATED INTERMEDIARIES AND THE SPONSOR BANKS.**

This is an Issue in terms of Rule 19(2)(b) of the Securities Contracts (Regulation) Rules, 1957, as amended (**"SCRR"**), read with Regulation 31 of Securities and Exchange Board of India (Issue of Capital and Disclosure Requirements) Regulations, 2018, as amended (the **"SEBI ICDR Regulations"**). The Issue is being made through the Book Building Process in terms of Regulation 6(1) of the SEBI ICDR Regulations, wherein not more than 50% of the Issue shall be available for allocation on a proportionate basis to Qualified Institutional Buyers (**"QIBs"**) (the **"QIB Portion"**), provided that our Company, in consultation with the BRLM, may allocate up to 60% of the QIB Portion to Anchor Investors on a discretionary basis, out of which one-third shall be reserved for domestic Mutual Funds only, subject to valid Bids being received from domestic Mutual Funds at or above the Anchor Investor Allocation Price, in accordance with the SEBI ICDR Regulations. In the event of under-subscription, or non-allocation in the Anchor Investor Portion, the balance Equity Shares shall be added to the Net QIB Portion. Further, 5% of the Net QIB Portion shall be available for allocation on a proportionate basis to Mutual Funds only, and the remainder of the Net QIB Portion shall be available for allocation on a proportionate basis to all QIB Bidders (other than Anchor Investors), including Mutual Funds, subject to valid Bids being received at or above the Issue Price. However, if the aggregate demand from Mutual Funds is less than 5% of the QIB Portion, the balance Equity Shares available for allocation in the Mutual Fund Portion will be added to the remaining Net QIB Portion for proportionate allocation to QIBs. Further, not less than 15% of the Issue shall be available for allocation on a proportionate basis to Non-Institutional Bidders (**"Non-Institutional Portion"**) of which one-third of the Non-Institutional Portion shall be available for allocation to Non-Institutional Bidders with an application size more than ₹ 200,000 and up to ₹ 1,000,000 and two-thirds of the Non-Institutional Portion shall be available for allocation to Bidders with an application size of more than ₹ 1,000,000, provided that the unsubscribed portion in either of such sub-categories may be allocated to applicants in the other sub-category of Non-Institutional Bidders, and not less than 35% of the Issue shall be available for allocation to Retail Individual Bidders in accordance with the SEBI ICDR Regulations, subject to valid Bids being received from them at or above the Issue Price. All Bidders (except Anchor Investors) are required to mandatorily utilise the Application Supported by Blocked Amount (**"ASBA"**) process providing details of their respective bank account (including UPI ID for UPI Bidders using UPI Mechanism), in which the corresponding Bid Amounts will be blocked by the SCSBs or the Sponsor Banks, as applicable. Anchor Investors are not permitted to participate in the Issue through the ASBA process. For details, see ***"Issue Procedure"*** on page 381 of this Draft Red Herring Prospectus (**"DRHP"**) dated **September 29, 2023** filed with the Securities and Exchange Board of India (**"SEBI"**).

This public announcement is made in compliance with the provisions of Regulation 26(2) of the SEBI ICDR Regulations to inform the public that our Company is proposing, subject to applicable statutory and regulatory requirements, receipt of requisite approvals, market conditions and other considerations, an initial public offer of its Equity Shares pursuant to the Issue and has filed the DRHP with the SEBI.

Pursuant to Regulation 26(1) of the SEBI ICDR Regulations, the DRHP filed with SEBI shall be made available to the public for comments, if any, for period of at least 21 days, from the date of filing, by hosting it on the website of SEBI at www.sebi.gov.in, websites of the Stock Exchanges i.e., BSE at www.bseindia.com and NSE at www.nseindia.com, respectively and the website of the BRLM, i.e. Khambatta Securities Limited at www.khambattasecurities.com. Our Company hereby invites the public to provide comments on the DRHP filed with SEBI with respect to disclosures made therein. The members of public are requested to send a copy of the comments sent to SEBI, to the Company Secretary and Compliance Officer of our Company and/or the BRLM and the Registrar to the Issue at their respective addresses mentioned below. All comments must be received by our Company and/or the BRLM and/or the Company Secretary and Compliance Officer of our Company on or before 5:00 p.m. on the 21st day from the aforesaid date of filing the DRHP with SEBI.

Investments in equity and equity-related securities involve a degree of risk and investors should not invest any funds in the Issue unless they can afford to take the risk of losing their entire investment. Investors are advised to read the risk factors carefully before taking an investment decision in the Issue. For taking an investment decision, investors must rely on their own examination of our Company and the Issue, including the risks involved. The Equity Shares in the Issue have not been recommended or approved by the Securities and Exchange Board of India (**"SEBI"**), nor does SEBI guarantee the accuracy or adequacy of the contents of this Draft Red Herring Prospectus. Specific attention of the investors is invited to ***"Risk Factors"*** on page 29 of the DRHP.

Any decision whether to invest in the Equity Shares described in the DRHP may only be made after a Red Herring Prospectus (**"RHP"**) shall be filed with the RoC and must be made solely on the basis of such RHP as there may be material changes in the RHP from the DRHP. The Equity Shares, when offered, through the RHP, are proposed to be listed on the BSE and NSE.

For details of the main objects of the Company as contained in its Memorandum of Association, see ***"History and Certain Corporate Matters"*** beginning on page 193 of the DRHP.

The liability of the members of the Company is limited. For details of the share capital and capital structure of the Company and the names of the signatories to the Memorandum of Association and the number of shares subscribed by them of the Company see ***"Capital Structure"*** beginning on page 74 of the DRHP.

| BOOK RUNNING LEAD MANAGER TO THE ISSUE | REGISTRAR TO THE ISSUE |
|---|---|
| SIXTH SENSE analytics ... beyond the obvious<br>**KHAMBATTA SECURITIES LIMITED**<br>806, World Trade Tower, Tower B, Noida Sector-16, Uttar Pradesh-201301, India<br>**Tel:** 0120 4415469, 9953989693<br>**Email:** ipo@khambattasecurities.com<br>**Investor Grievance Email:** mbcomplaints@khambattasecurities.com<br>**Website:** www.khambattasecurities.com<br>**Contact Person:** Mr. Chandan Mishra; Mr. Vipin Aggarwal<br>**SEBI Registration No.:** INM000011914 | KFINTECH EXPERIENCE TRANSFORMATION<br>**KFIN TECHNOLOGIES LIMITED**<br>Selenium Tower B, Plot 31-32, Financial District, Nanakramguda, Gachibowli, Hyderabad – 500 032, India<br>**Tel:** +91 40 6716 2222<br>**Email:** vibhor.ipo@kfintech.com<br>**Website:** www.kfintech.com<br>**Contact Person:** M Murali Krishna<br>**SEBI Registration No:** INR000000221 |

All capitalized terms used herein and not specifically defined shall have the same meaning as ascribed to them in the DRHP dated September 29, 2023.

For and on behalf of
**Vibhor Steel Tubes Limited**
**Sd/-**
**Mr. Lovkesh**
**Company Secretary and Compliance Officer**

**Place:** Hisar
**Date:** September 29, 2023

**VIBHOR STEEL TUBES LIMITED** is proposing, subject to applicable statutory and regulatory requirements, receipt of requisite approvals, market conditions and other considerations, to make an initial public offer of its Equity Shares and has filed the DRHP with SEBI. The DRHP shall be available on the websites of SEBI at www.sebi.gov.in, websites of the Stock Exchanges i.e., BSE at www.bseindia.com and NSE at www.nseindia.com, respectively and the website of the BRLM, i.e. Khambatta Securities Limited at www.khambattasecurities.com/. Potential investors should note that investment in equity shares involves a high degree of risk and for details relating to such risk, see the section titled ***"Risk Factors"*** of the RHP, when filed. Potential investors should not rely on the DRHP filed with SEBI for making any investment decision.

This announcement does not constitute an offer of Equity Shares for sale in any jurisdiction, including the United States, and the Equity Shares may not be offered or sold in the United States absent registration under the U.S. Securities Act of 1933 or an exemption from registration. Any public offering of the Equity Shares to be made in the United States will be made by means of a prospectus that may be obtained from the Company and that will contain detailed information about the Company and management, as well as financial statements. However, the Equity Shares are not being offered or sold in the United States.

AdBaaz


# ਸ.ਫਾ ਇਕ ਦੀ ਬਾਕੀ...

## ਸੂਬੇ ਵਿੱਚ ਨਵਾਂ...

ਕਿ ਹਾਲੈਂਡ ਦੇ ਮੋਹਰੀ ਸਨਅਤਕਾਰ ਪਹਿਲਾਂ ਹੀ ਸੂਬੇ ਵਿੱਚ ਵੱਡੇ ਪੱਧਰ 'ਤੇ ਨਿਵੇਸ਼ ਕਰ ਰਹੇ ਹਨ। ਉਨ੍ਹਾਂ ਨੇ ਮੁੱਖ ਮੰਤਰੀ ਨੂੰ ਰਾਜਪੁਰਾ ਵਿੱਚ 138 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਕੈਟਲ ਫੀਡ ਪਲਾਂਟ ਦਾ ਨੀਂਹ ਪੱਥਰ ਰੱਖਣ ਦਾ ਸੱਦਾ ਦਿੱਤਾ। ਇਸ ਸੱਦੇ ਨੂੰ ਪ੍ਰਵਾਨ ਕਰਦਿਆਂ ਮੁੱਖ ਮੰਤਰੀ ਨੇ ਉਮੀਦ ਜਤਾਈ ਕਿ ਇਹ ਪਲਾਂਟ ਸੂਬੇ ਦੇ ਉਦਯੋਗਿਕ ਵਿਕਾਸ ਨੂੰ ਵੱਡਾ ਹੁਲਾਰਾ ਦੇਣ ਲਈ ਮੀਲ ਦਾ ਪੱਥਰ ਸਾਬਤ ਹੋਵੇਗਾ। ਉਨ੍ਹਾਂ ਨਾਲ ਹੀ ਕਿਹਾ ਕਿ ਰੰਗਲਾ ਪੰਜਾਬ ਬਣਾਉਣ ਦੀ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ।

## ਮੁੱਖ ਮੰਤਰੀ ਮਨੋਹਰ ...

ਵਿਚ ਸਰੰਖਿਤ ਕਰਨਾ ਵੀ ਹੈ? ਗਲੋਬਲ ਵਾਰਮਿੰਗ, ਅਣਕੰਟ੍ਰੋਲ ਵਰਖਾ, ਵਾਰ-ਵਾਰ ਪੈਣ ਵਾਲੇ ਸੋਕੇ ਕਾਰਣ ਜੰਗਲੀ ਜੀਵ ਖਤਰੇ ਵਿਚ ਹਨ, ਜੋ ਹਾਲ ਦੀ ਸਾਲਾਂ ਵਿਚ ਚੌਗਿਰਦਾ ਬਦਲਾਅ ਹੋਇਆ ਹੈ।ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਨਾ ਸਿਰਫ ਸੂਬੇ ਵਿਚ ਵਨਸਪਤੀਆਂ ਤੇ ਜੀਵਾਂ ਦੇ ਸਰੰਖਣ ਲਈ ਵਚਨਬੱਧ ਹੈ, ਸਗੋਂ ਚੌਗਿਰਦਾ ਬਦਲਾਅ ਦੇ ਹਾਨੀਕਾਰਕ ਪ੍ਰਭਾਵਾਂ ਨੂੰ ਘੱਟ ਕਰਨ ਲਈ ਵੀ ਬਰਾਬਰ ਤੌਰ 'ਤੇ ਵਚਨਬੱਧ ਹੈ।

## ਬ੍ਰਹਮਾਕੁਮਾਰੀ ਸੰਸਥਾ ਦੀਆਂ...

ਕਰਵਾਇਆ ਜਾਵੇਗਾ ?

ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਚੀਮਾ ਸ਼ਿਰਕਤ ਕਰਨਗੇ।

ਸ਼ਹਿਰ ਦੀਆਂ 5 ਦਰਜਨ ਸਮਾਜ ਸੇਵੀ ਤੇ ??ਧਾਰਮਿਕ ਜਥੇਬੰਦੀਆਂ ਨੇ ਅਗਵਾਈ ਕੀਤੀ ਬ੍ਰਹਮਾ ਕੁਮਾਰੀ ਸੰਸਥਾ ਦੀਆਂ ਭੈਣਾਂ ਨੇ ਆਪਣੀ ਕੁਰਬਾਨੀ ਅਤੇ ਤਪੱਸਿਆ ਸਦਕਾ ਸੁਨਾਮ ਦੀ ਧਰਤੀ 'ਤੇ ਇੰਨੇ ਵੱਡੇ ਧਾਰਮਿਕ ਸਮਾਗਮ ਦਾ ਆਯੋਜਨ ਕਰਕੇ ਸੁਨਾਮ ਦੀ ਧਰਤੀ ਨੂੰ ਪਵਿੱਤਰ ਕੀਤਾ ਹੈ।ਇਹ ਪ੍ਰਗਟਾਵਾ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਰੱਥ ਯਾਤਰਾ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕਰਨ ਉਪਰੰਤ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕੀਤਾ ? ਨਗਰ ਦੀਆਂ ਧਾਰਮਿਕ ਸਮਾਜਿਕ ਸੰਸਥਾਵਾਂ ਦੇ ਨੁਮਾਇੰਦਿਆਂ ਨਾਲ ਰਥ ਯਾਤਰਾ ਦੀ ਅਗੁਵਾਈ ਕੀਤੀ ਬ੍ਰਹਮਾਕੁਮਾਰੀ ਮੀਰਾ ਦੀਦੀ, ਵਿਜੇ ਦੀਦੀ ਨੇ ਇਸ ਸਮਰਪਣ ਬਾਰੇ ਦੱਸਿਆ ਇਹ ਰੱਥ ਯਾਤਰਾ ਸ਼ਹਿਰ ਦੇ ਅਗਰਸੈਨ ਚੌਕ ਤੋਂ ਸ਼ੁਰੂ ਹੋ ਕੇ ਪੁਰਾਣੀ ਮੰਡੀ, ਬੱਸ ਸਟੈਂਡ ਰੋਡ, ਨਵਾਂ ਬਾਜ਼ਾਰ, ਸਿਨੇਮਾ ਰੋਡ, ਸ਼ਿਵ ਨਿਕੇਤਨ ਚੌਕ, ਮਾਤਾ ਮੋਦੀ ਰੋਡ ਤੋਂ ਹੁੰਦੀ ਹੋਈ ਮਹਾਰਾਜਾ ਅਗਰਸੈਨ ਚੌਕ ਵਿਖੇ ਸਮਾਪਤ ਹੋਈ। ਇਸ ਰੱਥ ਯਾਤਰਾ ਵਿੱਚ ਅਗਰਵਾਲ ਸਭਾ, ਰੋਟਰੀ ਕਲੱਬ, ਲਾਇਨ ਕਲੱਬ, ਵਿਓਪਰ ਮੰਡਲ, ਨੈਨਾ ਦੇਵੀ ਮੰਦਰ ਕਮੇਟੀ, ਸ਼੍ਰੀ ਰਾਮ ਮੰਦਰ, ਸ਼੍ਰੀ ਰਾਮੇਸ਼ਵਰ ਮੰਦਰ, ਸ਼੍ਰੀ ਸੀਤਾਸਰ ਮੰਦਰ, ਕਰਿਆਨਾ ਐਸੋਸੀਏਸ਼ਨ, ਇਲੈਕਟ੍ਰੀਕਲ ਐਸੋਸੀਏਸ਼ਨ, ਰੋਟਰੈਕਟ ਕਲੱਬਾਂ, ਸ਼੍ਰੀ ਸ਼ਿਵ ਮੰਦਰ ਮਾਇਆ ਗਾਰਡਨ, ਮਹਿਲਾ ਅਗਰਵਾਲ ਸਭਾ, ਨਵਾਂ ਬਾਜ਼ਾਰ ਐਸੋਸੀਏਸ਼ਨ ਸਮੇਤ ਸ਼ਹਿਰ ਦੀਆਂ 5 ਦਰਜਨ ਸਮਾਜ ਸੇਵੀ ਧਾਰਮਿਕ ਸੰਸਥਾਵਾਂ ਦੇ ਨੁਮਾਇੰਦੇ ਸ਼ਾਮਲ ਹੋਏ।

## ਚੰਦ੍ਰਯਾਨ-3 ਦੇ ਸਿੱਖ ...

ਕੀਤਾ ਗਿਆ ਅਤੇ ਚੰਦਰਯਾਨ-3, ਮਾਰਸ ਆਰਬਿਟਰ ਮਿਸ਼ਨ, ਆਦਿਤਿਆ ਐਲ-1 ਵਿੱਚ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ ਗਈ। ਸ. ਤੇਜਿੰਦਰ ਸਿੰਘ ਸ਼ਿਮਲਾ ਵਾਲੇ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਨੇ ਵੀ ਸਿੱਖ ਕੌਮ ਅਤੇ ਦੇਸ਼ ਨੂੰ ਪ੍ਰਸਿੱਧੀ ਦਿਵਾਉਣ ਲਈ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ। ਉਨ੍ਹਾਂ ਸੰਗਤਾਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਅਜਿਹੇ ਵੱਕਾਰੀ ਅਦਾਰਿਆਂ ਵਿੱਚ ਦਾਖਲਾ ਲੈਣ ਲਈ ਤਿਆਰ ਕਰਨ ਲਈ ਪ੍ਰੇਰਿਤ ਕਰਨ ਅਤੇ ਸਮਾਜ ਦਾ ਨਾਂ ਰੌਸ਼ਨ ਕਰਨ। ਸ.ਮਹਿੰਦਰਪਾਲ ਸਿੰਘ ਨੇ ਦੱਸਿਆ ਕਿ ਇਸਰੋ ਵੱਲੋਂ ਵੱਖ-ਵੱਖ ਕੋਰਸ ਸ਼ੁਰੂ ਕੀਤੇ ਗਏ ਹਨ, ਜਿਸ ਵਿੱਚ ਬੱਚੇ ਭਾਗ ਲੈ ਸਕਦੇ ਹਨ ਅਤੇ ਇਸਰੋ ਵਿੱਚ ਮੁਫਤ ਸਿਖਲਾਈ ਲੈ ਸਕਦੇ ਹਨ। ਉਨ੍ਹਾਂ ਬੱਚਿਆਂ ਨੂੰ ਇਸ ਪ੍ਰਮੁੱਖ ਸੰਸਥਾ ਵਿੱਚ ਦਾਖਲਾ ਲੈ ਕੇ ਦੇਸ਼ ਦੀ ਸੇਵਾ ਕਰਨ ਲਈ ਵਿਗਿਆਨ ਧਾਰਾ ਵਿੱਚ ਸ਼ਾਮਲ ਹੋਣ ਲਈ ਵੀ ਪ੍ਰੇਰਿਤ ਕੀਤਾ। ਇਸ ਮੌਕੇ ਸ.ਇੰਦਰਪਾਲ ਸਿੰਘ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਸ.ਜੀ.ਪੀ.ਸਿੰਘ ਸਿੱਖ ਆਸ਼ਾ, ਸ.ਅਮਰਜੀਤ ਸਿੰਘ ਪ੍ਰਧਾਨ ਗੁਰਦੁਆਰਾ ਸੱਚਾ ਧੰਨ, ਸ.ਬਲਵਿੰਦਰ ਸਿੰਘ ਸਾਗਰ, ਸ.ਗੁਰਚਰਨ ਸਿੰਘ ਭਿਓਰਾ ਜ਼ੋਨਲ ਪ੍ਰਧਾਨ ਸਟੱਡੀ ਸਰਕਲ, ਡਾ.ਸਰਬਦੀਪ ਸਿੰਘ, ਭਜਨ ਸਿੰਘ. ਦੇ ਜਨਰਲ ਸਕੱਤਰ ਗੁਰਦੁਆਰਾ ਸੱਚਾ ਧੰਨ, ਅਜੀਤ ਸਿੰਘ, ਗੁਰਮੀਤ ਸਿੰਘ, ਸਤਵਿੰਦਰ ਕੌਰ, ਐਡਵੋਕੇਟ ਰਮਨਦੀਪ ਸਿੰਘ ਅਤੇ ਮਨਦੀਪ ਸਿੰਘ ਹਾਜ਼ਰ ਸਨ। ਉਹਨਾਂ ਕਿਹਾ ਕਿ ਸਿੱਖਾਂ ਵੱਲੋਂ ਦੇਸ਼ ਦੇ ਵੱਖ ਵੱਖ ਖੇਤਰਾਂ ਵਿੱਚ ਪਾਈ ਜਾ ਰਹੇ ਯੋਗਦਾਨ ਕਾਰਨ ਖਾਲਸਾ ਪੰਥ ਨੂੰ ਹਮੇਸ਼ਾ ਮਾਣ ਰਹੇਗਾ।

## ਮੁੱਖ ਮੰਤਰੀ ਵੱਲੋਂ ...

ਨਾਲ ਕੋਝਾ ਮਜਾਕ ਹੈ। 14 ਨਵੰਬਰ 2022 ਨੂੰ ਸੰਗਰੂਰ ਵਿਖੇ ਮੁੱਖ ਮੰਤਰੀ ਦੇ ਨਿਵਾਸ ਤੇ ਧਰਨੇ ਦੌਰਾਨ 15 ਦਸੰਬਰ ਨੂੰ ਮੁੱਖ ਮੰਤਰੀ ਦੇ ਨਿਵਾਸ ਲਈ ਮੀਟਿੰਗ ਦਾ ਸਮਾਂ ਮਿਲਿਆ ਸੀ, 15 ਦਸੰਬਰ ਨੂੰ ਮੁੱਖ ਮੰਤਰੀ ਵੱਲੋਂ ਮੀਟਿੰਗ ਨਾ ਦੇ ਕੇ ਓ. ਐਸ. ਡੀ. ਬਰਾੜ ਨੂੰ ਮੰਗਾਂ ਸੁਣਨ ਲਈ ਕਹਿ ਦਿੱਤਾ। 1 ਮਈ ਨੂੰ ਜਿਮਨੀ ਚੋਣਾਂ ਮੌਕੇ ਜਲੰਧਰ ਵਿੱਚ ਤਿੱਖਾ ਰੋਸ ਪ੍ਰਦਰਸ਼ਨ ਕੀਤਾ ਗਿਆ ਇਸ ਪ੍ਰਦਰਸ਼ਨ ਦੌਰਾਨ 3 ਮਈ ਨੂੰ ਮੀਟਿੰਗ ਦਾ ਸਮਾਂ ਦਿੱਤਾ ਗਿਆ, ਪ੍ਰੰਤੂ ਫਿਰ ਵੀ ਮੀਟਿੰਗ ਨਾਲ ਕਰਕੇ 6 ਮਈ ਕਰ ਦਿੱਤੀ ਗਈ। 6 ਮਈ ਨੂੰ ਵੀ ਮੁੱਖ ਮੰਤਰੀ ਜੀ ਮੀਟਿੰਗ ਟਾਲਣਾ ਚਾਹੁੰਦੇ ਸਨ, ਪ੍ਰੰਤੂ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਦਾ ਰੋਹ ਦੇਖ ਕੇ ਮੀਟਿੰਗ ਕਰਨੀ ਪਈ। ਮੀਟਿੰਗ ਦੌਰਾਨ ਵਿਸ਼ਵਾਸ਼ ਦਿਵਾਇਆ ਗਿਆ ਕਿ ਜਲਦੀ ਹੀ ਮੰਗਾਂ ਦਾ ਹੱਲ ਹੋਵੇਗਾ। ਚਾਰ ਮਹੀਨੇ ਬੀਤ ਜਾਣ ਉਪਰੰਤ ਵੀ ਮੰਗਾਂ ਜਿਉਂ ਦੀਆਂ ਤਿਉਂ ਖੜ੍ਹੀਆਂ ਹਨ। ਇਸ ਉਪਰੰਤ ਵੀ ਮੁੱਖ ਮੰਤਰੀ ਵੱਲੋਂ ਲਿਖਤੀ ਬੇਨਤੀ ਤੇ ਕਈ ਵਾਰੀ ਮੀਟਿੰਗਾਂ ਦਾ ਸਮਾਂ ਤਹਿ ਕੀਤਾ ਗਿਆ, ਪ੍ਰੰਤੂ ਹਰ ਵਾਲ ਕਿਸੇ ਨਾ ਕਿਸੇ ਬਹਾਨੇ ਨਾਲ ਟਾਲ ਦਿੱਤਾ ਗਿਆ। ਹੁਣ 4 ਅਕਤੂਬਰ ਨੂੰ ਮੀਟਿੰਗ ਰੱਖੀ ਗਈ ਹੈ। ਹੁਣ ਤਾਂ ਇਸ ਤਰ੍ਹਾਂ ਲੱਗ ਰਿਹਾ ਹੈ ਕਿ ਮਾਨ ਸਰਕਾਰ ਪੰਜਾਬ ਦੇ ਆਂਗਣਵਾੜੀ ਵਰਕਰ ਤੇ ਹੈਲਪਰਾਂ ਦੇ ਹੱਕ ਵਿੱਚ ਨਹੀਂ ਹੈ। ਉਨ੍ਹਾਂ ਅੱਗੇ ਕਿਹਾ ਕਿ ਰਾਸ਼ਟਰੀ ਆਂਕੜਿਆਂ ਅਨੁਸਾਰ ਪੰਜਾਬ ਵਿੱਚ 71 ਪ੍ਰਤੀਸ਼ਤ ਬੱਚੇ ਅਮੀਨੀਆ ਦਾ ਸ਼ਿਕਾਰ ਹਨ। ਇਸਦੇ ਬਾਵਜੂਦ 3 ਤੋਂ 6 ਸਾਲ ਦੇ ਬੱਚਿਆਂ ਨੂੰ ਆਂਗਣਵਾੜੀ ਵਿੱਚ ਨਾ ਭੇਣ ਕੇ ਸਕੂਲਾਂ ਵਿੱਚ ਧਕੇਲਿਆ ਜਾ ਰਿਹਾ ਹੈ। ਪ੍ਰੀ ਪ੍ਰਾਇਮਰੀ ਦੇ ਨਾਂ ਤੇ ਬੱਚਿਆਂ ਦੀ ਸਿਹਤ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਪੌਸ਼ਟਿਕ ਭੋਜਨ ਦੇ ਨਾਂ ਤੇ ਮਾਰਕਫੈੱਡ ਵੱਲੋਂ ਪੁਰਾਣਾ ਸਟਾਕ ਮੁਹੱਈਆ ਕਰਵਾਇਆ ਜਾ ਰਿਹਾ ਹੈ, ਜੋ ਬਰਸਾਤਾਂ ਕਾਰਨ ਖਰਾਬ ਹੋ ਚੁੱਕਾ ਹੈ। ਉਨ੍ਹਾਂ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਆਪਣੇ ਲਾਰੇ ਲਾਉਣ ਵਾਲੀ ਨੀਤੀ ਦਾ ਤਿਆਗ ਨਾਲ ਕੀਤਾ ਤਾਂ ਜਲਦੀ ਹੀ ਪੰਜਾਬ ਸਰਕਾਰ ਖਿਲਾਫ ਤਿੱਖਾ ਸੰਘਰਸ਼ ਵਿੱਢ ਦਿੱਤਾ ਜਾਵੇਗਾ। ਇਸ ਮੌਕੇ ਰਣਜੀਤ ਕੌਰ, ਰਣਧੀਰ ਕੌਰ, ਹਰਦੀਪ ਕੌਰ, ਸਤਵਿੰਦਰ ਕੌਰ ਨੇ ਵੀ ਸੰਬੋਧਨ ਕੀਤਾ।

## ਪੰਜਾਬ ਦੇ 600 ...

ਨਹੀਂ ਕੀਤੀ ਗਈ ਹੈ। ਇਸ ਦੇ ਨਾਲ ਹੀ ਤਕਰੀਬਨ 600 ਕਿਸਾਨ ਆਪਣੇ ਆਪ ਨੂੰ ਕੇ.ਸੀ.ਸੀ. ਕਰਜ਼ੇ ਦੀਆਂ ਦੇਣਦਾਰੀਆਂ ਸੰਬੰਧੀ ਬਣੇ ਜਮੂਦ ਵਿੱਚ ਫਸਿਆ ਮਹਿਸੂਸ ਕਰ ਰਹੇ ਹਨ, ਜਿਸ ਅਨੁਸਾਰ ਮਿੱਲ ਦੀ ਗਾਰੰਟਰਸ਼ਿਪ ਅਧੀਨ ਹਰੇਕ ਕਿਸਾਨ ਵੱਲ 3,00,000 ਰੁਪਏ ਦੀ ਦੇਣਦਾਰੀ ਕੱਢੀ ਜਾ ਰਹੀ ਹੈ। ਇਹ ਰਕਮ ਕਦੋਂ ਤੇ ਕਿਵੇਂ ਮਿਲੇਗੀ ਫਿਲਹਾਲ ਇਸ ਬਾਰੇ ਤਾਂ ਕੁਝ ਨਹੀਂ ਕਿਹਾ ਜਾ ਸਕਦਾ ਪਰੰਤੂ ਇਸ ਦੀ ਵੱਡੇ ਪੱਧਰ 'ਤੇ ਚਰਚਾ ਬਣੀ ਹੋਈ ਹੈ।

## ਮਾਨ ਸਰਕਾਰ ਨੇ ...

ਵੱਲੋਂ ਹਰ ਮਹੀਨੇ ਮੀਟਰ ਦੀ ਰੀਡਿੰਗ ਦੀ ਜਾਣਕਾਰੀ ਵਿਭਾਗ ਨੂੰ ਦਿੱਤੀ ਜਾਵੇਗੀ। ਇਸ ਨਾਲ ਕਰੱਸ਼ਰ ਮਾਲਕ ਵੱਲੋਂ ਵੇਚੇ ਜਾਂਦੇ ਮਾਲ ਅਤੇ ਮੀਟਰ ਉਪਰਲੀ ਰੀਡਿੰਗ ਦਾ ਮਿਲਾਣ ਕੀਤਾ ਜਾ ਸਕੇਗਾ। ਖਣਨ ਮੰਤਰੀ ਨੇ ਅੱਗੇ ਕਿਹਾ ਕਿ ਇਸ ਪਾਰਦਰਸ਼ੀ ਪ੍ਰਣਾਲੀ ਰਾਹੀਂ ਗੈਰ-ਕਾਨੂੰਨੀ ਗਤੀਵਿਧੀਆਂ ਦਾ ਪਤਾ ਲੱਗੇਗਾ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੀ ਗੈਰ-ਕਾਨੂੰਨੀ ਖਣਨ ਖਿਲਾਫ਼ ਜ਼ੀਰੋ ਟਾਲਰੈਂਸ ਨੀਤੀ ਹੈ ਅਤੇ ਕਿਸੇ ਵੀ ਅਜਿਹੀ ਗਤੀਵਿਧੀਆਂ ਕਰਨ ਵਾਲਿਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ।

## ਉਪ-ਰਾਸ਼ਟਰਪਤੀ ਵਲੋਂ ...

ਕਿਸਾਨਾਂ ਨੂੰ ਯੂਨੀਵਰਸਿਟੀ ਵੱਲੋਂ ਸਿਫਾਰਿਸ਼ ਕੀਤੀ ਗਈ ਰਬੀ ਫਸਲਾਂ ਦੇ ਉੱਨਤ ਬੀਜ ਅਤੇ ਬਾਇਓਫਰਟੀਲਾਇਜਰ ਮਹੁੱਇਆ ਕਰਵਾਏ ਜਾਣਗੇ। ਮੇਲੇ ਵਿਚ ਵੱਖ-ਵੱਖ ਸਰਕਾਰੀ ਬੀਜ ਏਜੰਸੀਆਂ ਦੇ ਸਹਿਯੋਗ ਨਾਲ ਵਿਕਰੀ ਕਾਊਂਟਰ ਵੀ ਸਥਾਪਿਤ ਕੀਤੇ ਜਾਣਗੇ। ਹਰਿਆਣਾ ਖੇਤੀਬਾੜੀ ਵਿਕਾਸ ਮੇਲਾ, 2023 ਵਿਚ ਕਿਸਾਨਾਂ ਲਈ ਸੁਆਲ-ਜਵਾਬ ਸਭਾਵਾਂ ਅਤੇ ਫਸਲ ਮੁਕਾਬਲੇ ਵੀ ਆਯੋਜਿਤ ਕੀਤੇ ਜਾਣਗੇ? ਮੇਲੇ ਵਿਚ ਮਿੱਟੀ, ਸਿੰਚਾਈ, ਪਾਣੀ ਤੇ ਰੋਗੀ ਪੌਧਿਆਂ ਦੀ ਵਿਗਿਆਨਕ ਜਾਂਚ ਕਰਵਾਉਣ ਦੀ ਕਿਸਾਨਾਂ ਨੂੰ ਸਹੂਲਤ ਵੀ ਦਿੱਤੀ ਜਾਵੇਗੀ। ਖੇਤੀਬਾੜੀ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਖੇਤੀਬਾੜੀ ਵਿਕਾਸ ਨੂੰ ਪ੍ਰੋਤਸਾਹਿਤ ਦੇਣ ਅਤੇ ਕਿਸਾਨਾਂ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਕਰਨ ਲਈ ਵੱਖ-ਵੱਖ ਪਹਿਲਾਂ ਲਾਗੂ ਕੀਤੀਆਂ ਹਨ? ਖਾਦ, ਬੀਜ ਅਤੇ ਖੇਤੀਬਾੜੀ ਉਪਕਰਣਾਂ 'ਤੇ ਸਬਸਿਡੀ ਪ੍ਰਦਾਨ ਕਰਨ ਦੇ ਨਾਲ-ਨਾਲ ਸਰਕਾਰ ਨੇ ਮਿੱਟੀ ਦੇ ਸਿਹਤ ਨੂੰ ਵੱਧਾਉਣ ਲਈ ਕਈ ਯੋਜਨਾਵਾਂ ਲਾਗੂ ਕੀਤੀਆਂ ਹਨ।

## ਹਾਦਸੇ ਵਿੱਚ ਗੰਭੀਰ...

ਨੇ ਦਾਖਲ ਲੜਕੀ ਦੇ ਬਿਆਨ ਵੀ ਲੈਣ ਦੀ ਕੋਸ਼ਿਸ਼ ਕੀਤੀ ਪ੍ਰੰਤੂ ਉਹ ਬਿਆਨ ਦੇਣ ਦੇ ਕਾਬਿਲ ਨਹੀਂ ਸੀ। ਥਾਣਾ ਕਾਠਗੜ੍ਹ ਦੀ ਪੁਲਿਸ ਨੇ ਇਨੋਵਾ ਗੱਡੀ ਦੇ ਨਾਮਲੂਮ ਚਾਲਕ ਖਿਲਾਫ ਵੱਖ ਵੱਖ ਧਰਾਵਾਂ ਤਹਿਤ ਮੁਕਦਮਾ ਦਰਜ ਕਰਕੇ ਅਗਲੀ ਜਾਂਚ ਪੜਤਾਲ ਸ਼ੁਰੂ ਕਰ ਦਿੱਤੀ ਹੈ। ਇਨੋਵਾ ਗੱਡੀ ਦਾ ਨੰਬਰ ਹਰਿਆਣੇ ਦਾ ਦੱਸਿਆ ਗਿਆ ਹੈ।


## ਮੋਟਰ ਕੁਨੈਕਸ਼ਨ

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇੱਕ ਟਿਊਬਵੈਲ ਕੁਨੈਕਸ਼ਨ ਏ.ਪੀ10/4253004356128- 15 ਤੋਂ 20 ਹਾਰਸ ਪਾਵਰ ਹੈ , ਮੁਖਤਿਆਰ ਸਿੰਘ ਪੁੱਤਰ ਬੱਗਾ ਸਿੰਘ ਵਾਸੀ ਲੌਂਗੋਵਾਲ ਦੇ ਨਾਮ ਚਲਦਾ ਹੈ। ਇਸ ਕੁਨੈਕਸ਼ਨ ਨੂੰ ਬਹਾਦਰ ਸਿੰਘ ਪੁੱਤਰ ਮੁਖਤਿਆਰ ਸਿੰਘ ਨੇ ਆਪਣੇ ਨਾਮ ਕਰਵਾਉਣਾ ਹੈ। ਜੇਕਰ ਕਿਸੇ ਵੀ ਵਿਅਕਤੀ ਨੂੰ ਇਤਰਾਜ ਹੋਵੇ ਤਾਂ ਉਹ ਆਪਣਾ ਇਤਰਾਜ਼ 30 ਦਿਨਾਂ ਦੇ ਅੰਦਰ ਪਾਵਰਕੌਮ ਦਫ਼ਤਰ ਲੌਂਗੋਵਾਲ ਵਿਖੇ ਦਰਜ ਕਰਵਾ ਸਕਦਾ ਹੈ।